بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَ نُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ
لَا اِلٰہَ اِلَّا اللّٰہُ مُحَمَّدٌ رَّسُوۡلُ اللّٰہِ
دفتر مجلس انصار اللہ بھارت
Office Of The Majlis Ansarullah Bharat
Mohallah Ahmadiyya Qadian-143516, Distt.Gurdaspur (Punjab) INDIA
Mob:9682536974, E-Mail.: ansarullah@qadian.in ਮੁਹੱਲਾ ਅਹਮਦੀਆ ਕਾਦੀਆਂ ਜ਼ਿਲ੍ਹਾ ਗੁਰਦਾਸਪੁਰ (ਪੰਜਾਬ)

# ਜੰਗੇ ਬਦਰ ਦੇ ਹਵਾਲੇ ਨਾਲ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਦੀ ਜੀਵਨੀ ਅਤੇ ਇਤਿਹਾਸਿਕ ਘਟਨਾਵਾਂ ਦਾ ਜ਼ਿਕਰ

**ਸੰਖੇਪ ਵਿਵਰਨ ਖ਼ੁਤਬਾ ਜੁਮ੍ਹਾ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਖਲੀਫਾਤੁਲੱ ਮਸੀਹ ਅਲ-ਖਾਮਿਸ ਅੱਯਾਦਹੁੱਲ੍ਹਾ ਤਆਲਾ ਬਿਨਸਰਹਿਲ ਅਜ਼ੀਜ਼, 29 ਸਤੰਬਰ 2023 ਮਸਜਿਦ ਮੁਬਾਰਕ, ਇਸਲਾਮਾਬਾਦ ਟਿਲਫ਼ੋਰਡ, ਯੁ.ਕੇ**

أَشْهَدُ أَنْ لَّا إِلٰهَ إِلَّا اللّٰهُ وَحْدَهُ لَا شَرِيْكَ لَهُ وَأَشْهَدُ أَنَّ مُحَمَّدًا عَبْدُهُ وَرَسُوْلُهُ أَمَّا بَعْدُ فَأَعُوْذُ بِاللّٰهِ مِنَ الشَّيْطٰنِ الرَّجِيْمِ۔ بِسْمِ اللّٰهِ الرَّحْمٰنِ الرَّحِيْمِ۔ اَلْحَمْدُ لِلّٰهِ رَبِّ الْعٰلَمِيْنَ۔ الرَّحْمٰنِ الرَّحِيْمِ۔ مٰلِكِ يَوْمِ الدِّيْنِ۔ إِيَّاكَ نَعْبُدُ وَإِيَّاكَ نَسْتَعِيْنُ۔ اِهْدِنَا الصِّرَاطَ الْمُسْتَقِيْمَ۔ صِرَاطَ الَّذِيْنَ أَنْعَمْتَ عَلَيْهِمْ۔ غَيْرِ الْمَغْضُوْبِ عَلَيْهِمْ وَلَا الضَّآلِّيْنَ

ਤਸ਼ਹੁਦੱ, ਤਾਉਜ਼ ਅਤੇ ਸੂਰਤੁਲੱ ਫ਼ਾਤਿਹਾ ਦੀ ਤਿਲਾਵਤ ਮਗਰੋਂ ਹਜ਼ੂਰੇ ਅਨਵਰ ਨੇ ਫ਼ਰਮਾਇਆ :

ਜੰਗੇ ਬਦਰ ਮਗਰੋਂ ਹੋਣ ਵਾਲਿਆਂ ਘਟਨਾਵਾਂ ਦਾ ਜ਼ਿਕਰ ਹੋ ਰਿਹਾ ਸੀ । ਇਹਨਾਂ ਘਟਨਾਵਾਂ ਤੋਂ ਜਿੱਥੇ ਸਾਨੂੰ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਦੀ ਜੀਵਨੀ ਅਤੇ ਜ਼ਿੰਦਗੀ ਦੇ ਕਿੱਸਿਆਂ ਦਾ ਪਤਾ ਲਗੱਦਾ ਹੈ । ਉੱਥੇ ਜੇਕਰ ਇਤਿਹਾਸ ਪੜ੍ਹਣ ਤਾਂ ਕੁਝੱ ਇਤਿਹਾਸਿਕ ਗੱਲ੍ਹਾਂ ਵੀ ਪਤਾ ਲਗੱਦੀਆਂ ਹਨ ਅਤੇ ਕੁਝੱ ਗ਼ਲਤ ਰਵਾਯਤਾਂ ਬਾਰੇ ਵੀ ਪਤਾ ਲਗੱਦਾ ਹੈ । ਜਿਨ੍ਹਾਂ ਨੇ ਇਸਲਾਮ ਦਾ ਗ਼ਲਤ ਚਹਰਾ ਗ਼ੈਰਾਂ ਅੱਗੇ ਪੈਸ਼ ਕੀਤਾ ਹੈ ਅਤੇ ਵਿਰੋਧੀ ਇਸ ਤੋਂ ਇਸਲਾਮ ਨੂੰ ਬਦਨਾਮ ਕਰਨ ਦਾ ਲਾਭ ਚੁਕੱਦੇ ਹਨ ਅਤੇ ਜੋ ਕਟੱੜਪੰਥੀ ਮੁਸਲਮਾਨ ਹਨ । ਉਹ ਆਪਣੇ ਉਦੇਸ਼ ਪੂਰੇ ਕਰਨ ਦੀਆਂ ਰਾਹਾਂ ਕਢੱ ਰਹੇ ਹਨ

ਅਜੱ ਜੋ ਕਿੱਸੇ ਮੈਂ ਬਿਆਨ ਕਰਨ ਲੱਗਾ ਹਾਂ । ਉਹਨਾਂ ਵਿਚੱ ਪਹਿਲਾ ਕਿੱਸਾ ਉਮੈਰ ਬਿਨ ਵਹਬ ਦਾ ਹੈ । ਜੋ ਜੰਗ ਦੇ ਬਾਦ ਆਪਣੀ ਅਤੇ ਮੁਸ਼ਰਿਕਾਂ ਦੀ ਹਾਰ ਦਾ ਬਦਲਾ ਲੈਣ ਅਤੇ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਦੇ ਕਤਲ ਲਈ ਮੱਕੇ ਤੋਂ ਮਦੀਨਾ ਆਇਆ ਸੀ । ਪਰ ਉੱਥੇ ਰਬੱ ਦੀ ਤਕਦੀਰ ਨੇ ਕੁਝੱ ਹੋਰ ਕੰਮ ਕੀਤਾ ਅਤੇ ਉਸ ਨੂੰ ਇਸਲਾਮ ਕਬੂਲ ਕਰਨ ਦੀ ਤੌਫ਼ੀਕ ਬਖ਼ਸ਼ੀ ।

ਇਸ ਦੀ ਵਿਆਖਿਆ ਵਿਚੱ ਲਿਖਿੱਆ ਹੈ ਕਿ ਬਦਰ ਦੇ ਕੈਦੀਆਂ ਵਿਚੱ ਵਹਬ ਬਿਨ ਉਮੈਰ ਵੀ ਸਨ । ਉਸ ਦਾ ਬਾਪ ਉਮੈਰ ਕੁਰੈਸ਼ ਦੇ ਵੱਡਿਆਂ ਵਿੱਚੋਂ ਸੀ ਅਰਥਾਤ ਉਮੈਰ ਬਿਨ ਵਹਬ । ਇਕੱ ਵਾਰ ਉਮੈਰ ਬਿਨ ਵਹਬ ਅਤੇ ਸਫ਼ਵਾਨ ਬਿਨ ਉਮੱਯਾ ਹਤੀਮ ਕੋਲ੍ਹ ਬਹਿਠੇ ਜੰਗੇ ਬਦਰ ਵਿਚੱ ਹਾਰ ਅਤੇ ਕੁਰੈਸ਼ ਦੇ ਸਰਦਾਰਾਂ ਦੇ ਕਤਲ ਹੋਣ ਬਾਰੇ ਗੱਲ੍ਹਾਂ ਕਰ ਰਹੇ ਸਨ । ਉਮੈਰ ਨੇ ਕਿਹਾ ਕਿ ਜੇਕਰ ਮੇਰੇ ਉੱਤੇ ਇਕੱ ਬੰਦੇ ਦਾ ਕਰਜ਼ਾ ਨ ਹੁੰਦਾ ਅਤੇ ਮੈਨੂੰ ਆਪਣੇ ਬਾਦ ਆਪਣੀ ਪਤਨੀ ਅਤੇ ਬਚਿੱਆਂ ਦੀ ਚਿੰਤਾ ਨ ਹੁੰਦੀ ਤਾਂ ਮੈਂ ਮੁਹਮੱਦ (ਸਲੱਲਾਹੋ ਅਲੈਹਿ ਵਸਲੱਮ) ਨੂੰ ਕਤਲ ਕਰ ਦਿੰਦਾ । ਕਿਉਂਕਿ ਮੇਰੇ ਉੱਥੇ ਜਾਣ ਦਾ ਕਾਰਨ ਵੀ ਮੌਜੂਦ ਹੈ ਕਿ ਮੇਰਾ ਬੇਟਾ ਉਹਨਾਂ ਦੇ ਹਥੱ ਵਿਚੱ ਕੈਦ ਹੈ । ਇਹ ਸੁਣਦੇ ਹੀ ਸਫ਼ਵਾਨ ਨੇ ਦੋਵੇਂ ਗੱਲ੍ਹਾਂ ਦੀ ਜ਼ਿੰਮੇਦਾਰੀ ਲਈ ਅਤੇ ਕਿਹਾ ਕਿ ਤੂੰ ਮੁਹਮੱਦ (ਸਲੱਲਾਹੋ ਅਲੈਹਿ ਵਸਲੱਮ) ਨੂੰ (ਨਊਜ਼-ਬਿੱਲਾਹ) ਕਤਲ ਕਰਦੇ । ਉਮੈਰ ਨੇ ਸਫ਼ਵਾਨ ਨੂੰ ਕਿਹਾ, ਮੇਰੇ ਅਤੇ ਤੇਰੇ ਵਿਚੱਕਾਰ ਇਹ ਜੋ ਗਲੱ ਹੋਈ ਹੈ । ਉਸ ਨੂੰ ਰਾਜ਼ ਵਿਚੱ ਰੱਖੀਂ । ਸਫ਼ਵਾਨ ਨੇ ਵਚਨ ਦਿੱਤਾ । ਉਮੈਰ ਨੇ ਆਪਣੀ ਤਲਵਾਰ ਨੂੰ ਧਾਰ ਲਾਈ । ਉਸ ਨੂੰ ਜ਼ਹਰ ਲਾਇਆ ਅਤੇ ਉਸ ਮਗਰੋਂ

ਮੱਕੇ ਤੋਂ ਤੁਰ ਕੇ ਮਦੀਨਾ ਪਹੁੰਚਿਆ। ਮਦੀਨਾ ਪਹੁੰਚ ਕੇ ਮਸਜਿਦ ਨਬਵੀ ਕੋਲ੍ਹ ਆਪਣੀ ਊਂਠਣੀ ਨੂੰ ਰੋਕਿਆ ਤਾਂ ਹਜ਼ਰਤ ਉਮਰ ਰਜ਼ੀ ਅੱਲਾਹ ਅੰਨਹੋ ਨੇ ਵੇਖ ਕੇ ਫ਼ਰਮਾਇਆ, 'ਇਹ ਰਬੱ ਦਾ ਦੁਸ਼ਮਨ ਜ਼ਰੂਰ ਕਿਸੇ ਮੰਦੇ ਇਰਾਦੇ ਨਾਲ ਆਇਆ ਹੈ'। ਹਜ਼ਰਤ ਉਮਰ ਰਜ਼ੀ ਅੱਲਾਹ ਅੰਨਹੋ, ਹਜ਼ੂਰ ਸਲੱਲਾਹੋ ਅਲੈਹਿ ਵਸਲੱਮ ਦੀ ਸੈਵਾ ਵਿਚੱ ਹਾਜ਼ਰ ਹੋਏ ਅਤੇ ਕਿਹਾ ਕਿ ਉਮੈਰ ਬਿਨ ਵਹਬ ਨੰਗੀ ਤਲਵਾਰ ਲੈ ਕੇ ਆਇਆ ਹੈ। ਆਪ ਸਲੱਲਾਹੋ ਅਲੈਹਿ ਵਸਲੱਮ ਨੇ ਫ਼ਰਮਾਇਆ, "ਉਸ ਨੂੰ ਮੇਰੇ ਕੋਲ੍ਹ ਲੈ ਆਓ'। ਹਜ਼ਰਤ ਉਮਰ ਰਜ਼ੀ ਅੱਲਾਹ ਅੰਨਹੋ ਉਸ ਨੂੰ ਆਪ ਦੇ ਕੋਲ੍ਹ ਲੈ ਗਏ।

ਉਮੈਰ ਨੇ ਪੁਰਾਤਨ ਤਰੀਕ ਅਨੁਸਾਰ ਆਪ ਸਲੱਲਾਹੋ ਅਲੈਹਿ ਵਸਲੱਮ ਨੂੰ ਸਲਾਮ ਕੀਤਾ। ਆਪ ਸਲੱਲਾਹੋ ਅਲੈਹਿ ਵਸਲੱਮ ਨੇ ਫ਼ਰਮਾਇਆ ਕਿ ਹੇ ਉਮੈਰ! ਰਬੱ ਨੇ ਸਾਨੂੰ ਇਸ ਤੋਂ ਚੰਗਾ ਸਲਾਮ ਸਿਖਾ ਦਿੱਤਾ ਹੈ। ਉਮੈਰ ਨੇ ਆਪਣੀ ਗਲ੍ਹੱ ਬਿਆਨ ਕਰਦੇ ਹੋਏ ਕਿਹਾ ਕਿ ਮੈਂ ਆਪਣੇ ਬੇਟੇ ਲਈ ਆਇਆ ਹਾਂ, ਜੋ ਆਪ ਦੀ ਕੈਦ ਵਿਚੱ ਹੈ। ਹਜ਼ੂਰ ਸਲੱਲਾਹੋ ਅਲੈਹਿ ਵਸਲੱਮ ਨੇ ਫ਼ਰਮਾਇਆ ਕਿ ਫ਼ਿਰ ਇਸ ਤਲਵਾਰ ਦਾ ਉਦੇਸ਼ ਕੀ ਹੈ? ਪਰ ਉਮੈਰ ਨੇ ਮੁੜ੍ਹ ਇਹੀ ਕਿਹਾ ਕਿ ਮੈਂ ਆਪਣੇ ਕੈਦੀ ਸੰਬੰਧੀ ਗਲ੍ਹੱ ਕਰਨ ਆਇਆ ਹਾਂ। ਇਸ ਉੱਤੇ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਨੇ ਫ਼ਰਮਾਇਆ ਕਿ ਨਹੀਂ! ਸਗੋਂ ਤੂੰ ਅਤੇ ਸਫ਼ਵਾਨ ਬਿਨ ਉਮੱਯਾ ਇਕੱ ਦਿਨ ਹਤੀਮ ਕੋਲ੍ਹ ਬਹਿਠੇ ਬਦਰ ਵਿਚੱ ਕਤਲ ਹੋਣ ਵਾਲਿਆਂ ਸੰਬੰਧੀ ਗੱਲ੍ਹਾਂ ਕਰ ਰਹੇ ਸਨ। ਇਹ ਕਹਿ ਕੇ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਨੇ ਉਹਨਾਂ ਦੋਵਾਂ ਦੇ ਵਿਚੱਕਾਰ ਹੋਣ ਵਾਲੀ ਸਾਰੀ ਵਾਰਤਾਲਾਪ ਬਿਆਨ ਕਰ ਦਿੱਤੀ। ਉਮੈਰ ਇਹ ਸਭ ਕੁਝੱ ਸੁਣ ਕੇ ਹੈਰਾਨ ਰਹਿ ਗਿਆ ਅਤੇ ਉਸੇ ਸਮੇਂ ਇਸਲਾਮ ਕਬੂਲ ਕਰ ਲਿਆ। ਉਮੈਰ ਨੇ ਕਿਹਾ ਕਿ ਜਦੱ ਅਸੀਂ ਦੋਵੇਂ ਇਹ ਗੱਲ੍ਹਾਂ ਕਰ ਰਹੇ ਸਨ। ਤਦੱ ਉੱਥੇ ਕੋਈ ਤੀਜਾ ਨਹੀਂ ਸੀ। ਸੋ, ਆਪ ਸਲੱਲਾਹੋ ਅਲੈਹਿ ਵਸਲੱਮ ਨੂੰ ਇਹ ਗਲ੍ਹੱ ਰਬੱ ਤੋਂ ਬਿਨਾਂ ਕਿਸੇ ਹੋਰ ਨੇ ਨਹੀਂ ਦੱਸੀ। ਫ਼ਿਰ ਉਮੈਰ ਨੇ ਹਜ਼ੂਰ ਸਲੱਲਾਹੋ ਅਲੈਹਿ ਵਸਲੱਮ ਤੋਂ ਮੱਕੇ ਵਾਪਸ ਜਾਣ ਅਤੇ ਮੱਕੇ ਵਾਲਿਆਂ ਨੂੰ ਇਸਲਾਮ ਦਾ ਸੱਦਾ ਦੇਣ ਦੀ ਆਗਿਆ ਮੰਗੀ। ਜੋ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਨੇ ਦੇ ਦਿੱਤੀ।

ਦੂਜੇ ਪਾਸੇ ਸਫ਼ਵਾਨ ਮੱਕੇ ਵਿਚੱ ਹਰ ਇਕੱ ਨੂੰ ਕਹਿੰਦਾ ਸੀ ਕਿ ਛੇਤੀ ਹੀ ਮੈਂ ਤੁਹਾਨੂੰ ਇਕੱ ਅਜਿਹੀ ਖ਼ੁਸ਼ਖ਼ਬਰੀ ਦਿਆਂਗਾ ਕਿ ਤੁਸੀਂ ਬਦਰ ਦਾ ਸਦਮਾ ਭੁਲੱ ਜਾਉਗੇ। ਉਹ ਹਰ ਆਉਣ ਵਾਲੇ ਤੋਂ ਉਮੈਰ ਦੇ ਕੰਮ ਬਾਰੇ ਪੁਛੱਦਾ। ਅੰਤ ਇਕੱ ਦਿਨ ਉਸ ਨੂੰ ਉਮੈਰ ਦੇ ਇਸਲਾਮ ਕਬੂਲ ਕਰਨ ਦੀ ਖ਼ਬਰ ਮਿਲੀ। ਜਦੱ ਉਮੈਰ ਮੱਕੇ ਪਹੁੰਚਾ ਤਾਂ ਉਹ ਸਿੱਧਾ ਆਪਣੇ ਘਰ ਗਿਆ ਅਤੇ ਘਰ ਵਾਲਿਆਂ ਨੂੰ ਇਸਲਾਮ ਦਾ ਸੱਦਾ ਦਿੱਤਾ। ਫ਼ਿਰ ਸਫ਼ਵਾਨ ਵਲ੍ਹੱ ਗਿਆ ਅਤੇ ਉਸ ਨੂੰ ਇਸਲਾਮ ਦੀ ਸੱਚਾਈ ਤੋਂ ਜਾਣੂ ਕਰਵਾਇਆ। ਸਫ਼ਵਾਨ ਨੇ ਉਮੈਰ ਦੀ ਗੱਲ੍ਹਾਂ ਦਾ ਕੋਈ ਉਤੱਰ ਨ ਦਿੱਤਾ ਨ ਹੀ ਉਹਨਾਂ ਵਲ੍ਹੱ ਧਿਆਨ ਦਿੱਤਾ।

ਬਦਰ ਮਗਰੋਂ ਕੁਝੱ ਲੋਕ ਮੁਸਲਮਾਨ ਹੋ ਗਏ। ਪਰ ਉਹ ਮੁਨਾਫ਼ਕਾਂ ਵਾਲਾ ਰੰਗ ਰਖੱਦੇ ਸਨ। ਉਹਨਾਂ ਵਿਚੱ ਅਬਦੁੱਲਾਹ ਬਿਨ ਉਬੱਈ ਬਿਨ ਸਲੂਲ ਵੀ ਸੀ। ਉਹ ਹਜ਼ੂਰ ਸਲੱਲਾਹੋ ਅਲੈਹਿ ਵਸਲੱਮ ਦੇ ਆਉਣ ਤੋਂ ਪਹਿਲਾਂ ਓਸ ਅਤੇ ਖ਼ਜ਼ਰਜ ਦੇ ਕਬੀਲੀਆਂ ਦਾ ਸਾਂਝਾ ਸਰਦਾਰ ਬਣਨ ਵਾਲਾ ਸੀ। ਪਰ ਹਜ਼ੂਰ ਸਲੱਲਾਹੋ ਅਲੈਹਿ ਵਸਲੱਮ ਦੇ ਆਉਣ ਦੇ ਬਾਦ ਇਹ ਸੰਭਵ ਨ ਹੋ ਸਕਿਆ। ਸੋ, ਉਹ ਇਸਲਾਮ ਵਿਰੁਧੱ ਲੁਕੱਵੀਂ ਸਾਜ਼ਸ਼ਾਂ ਕਰਨ ਲਗੱ ਪਿਆ।

ਬਦਰ ਤੋਂ ਵਾਪਸੀ ਉੱਤੇ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਨੂੰ ਖ਼ਬਰ ਮਿਲੀ ਕਿ ਬਨੂ ਸਲੀਮ ਅਤੇ ਬਨੂ ਗ਼ਤਫ਼ਾਨ ਵਾਲੇ ਮਦੀਨੇ ਉੱਤੇ ਹਮਲੇ ਦੀ ਤਿਆਰੀ ਕਰ ਰਹੇ ਹਨ। ਇਹ ਖ਼ਬਰ ਮਿਲਦੇ ਹੀ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਨੇ ਬਨੂ ਸਲੀਮ ਅਤੇ ਬਨੂ ਗ਼ਤਫ਼ਾਨ ਵਲ੍ਹੱ ਵਧੱਣ ਦਾ ਇਰਾਦਾ ਕੀਤਾ ਅਤੇ ਤਿੰਨ ਸੌ ਸਹਾਬੀਆਂ ਨਾਲ ਆਪ ਤੁਰੇ। ਜਦੱ ਬਨੂ ਸਲੀਮ ਅਤੇ ਬਨੂ ਗ਼ਤਫ਼ਾਨ ਨੂੰ ਮੁਸਲਮਾਨਾਂ ਦੇ ਇਸ ਅਚਾਨਕ ਆਗਮਨ ਦੀ ਖ਼ਬਰ ਮਿਲੀ ਤਾਂ ਉਹ ਡਰ ਗਏ ਅਤੇ ਨਸ ਕੇ ਪਹਾੜ੍ਹਾਂ ਦੀਆਂ ਚੋਟੀਆਂ ਵਿਚੱ ਛੁਪੱ ਗਏ। ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਅਤੇ ਸਹਾਬੀ ਕੁਝੱ ਦਿਨ ਉੱਥੇ

ਰੁਕੇ ਅਤੇ ਇਸ ਦੌਰਾਨ ਕਿਸੇ ਨੂੰ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਦੇ ਮੁਕਾਬਲੇ ਉੱਤੇ ਆਉਣ ਦੀ ਹਿੰਮਤ ਨ ਹੋਈ ਕਿਉਂਕਿ ਇਹ ਲੋਕ ਜੰਗ ਦੇ ਇਰਾਦੇ ਨਾਲ ਆਏ ਸਨ। ਇਸ ਲਈ ਉਸ ਸਮੇਂ ਦੇ ਤਰੀਕ ਅਨੁਸਾਰ ਉਹਨਾਂ ਦੇ ਮਾਲ ਉੱਤੇ ਕਬਜ਼ਾ ਕਰਨਾ ਗ਼ਲਤ ਨਹੀਂ ਸੀ। ਸੋ, ਇਕੱ ਰਵਾਯਤ ਅਨੁਸਾਰ ਇਸ ਜੰਗ ਵਿਚੱ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਨੂੰ ਮਾਲੇ ਗ਼ਨੀਮਤ ਵਿਚੱ ਪੰਜ ਸੌ ਊਂਠ ਮਿਲੇ ਸਨ। ਇਸ ਮੁਹਿਮ ਲਈ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਪੰਦਰਾ ਦਿਨ ਮਦੀਨੇ ਤੋਂ ਬਾਹਰ ਰਹੇ।

ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਨੇ ਸ਼ਵਾਲ 02 ਹਿਜਰੀ ਵਿਚੱ ਰਬੱ ਦੇ ਹੁਕਮ ਅਨੁਸਾਰ ਮੁਸਲਮਾਨਾਂ ਦੀ ਪਹਿਲੀ ਈਦ-ਉਲੱ-ਫ਼ਿਤਰ ਮਨਾਈ। ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਨੇ ਦੋਵੇਂ ਈਦਾਂ ਸੰਬੰਧੀ ਸਹਾਬਾ ਨੂੰ ਫ਼ਰਮਾਇਆ ਕਿ ਇਹਨਾਂ ਦਿਨਾਂ ਵਿਚੱ ਕੋਈ ਵਿਅਕਤੀ ਵਰਤ ਨ ਰੱਖੇ। ਸਗੋਂ ਖਾਏ ਪੀਏ ਅਤੇ ਖ਼ੁਸ਼ੀਆਂ ਮਨਾਏ। ਦੋਵੇਂ ਈਦਾਂ ਉੱਤੇ ਆਪ ਸਲੱਲਾਹੋ ਅਲੈਹਿ ਵਸਲੱਮ ਮਦੀਨਾ ਦੇ ਪੂਰਬੀ ਪਾਸੇ ਬਣੇ ਈਦਗਾਹ ਜਾਂਦੇ ਸਨ।

ਹਜ਼ਰਤ ਸਾਹਿਬਜ਼ਾਦਾ ਮਿਰਜ਼ਾ ਬਸ਼ੀਰ ਅਹਮਦ ਸਾਹਿਬ ਰਜ਼ੀ ਅੱਲਾਹ ਅੰਨਹੋ ਫ਼ਰਮਾਉਂਦੇ ਹਨ :

'ਇਸਲਾਮ ਦੀ ਈਦ ਆਪਣੇ ਅੰਦਰ ਇਕੱ ਅਜੀਬ ਸ਼ਾਨ ਰਖੱਦੀ ਹੈ ਅਤੇ ਉਹਨਾਂ ਨਾਲ ਇਸਲਾਮ ਦੀ ਸੱਚਾਈ ਉੱਤੇ ਬਹੁਤ ਰੌਸ਼ਨੀ ਪੈਂਦੀ ਹੈ ਅਤੇ ਇਹ ਅਨੁਮਾਨ ਲਾਉਣ ਦਾ ਮੌਕਾ ਮਿਲਦਾ ਹੈ ਕਿ ਕਿਵੇਂ ਇਸਲਾਮ ਮੁਸਲਮਾਨਾਂ ਦੇ ਹਰ ਕੰਮ ਨੂੰ ਰਬੱ ਦੇ ਸਿਮਰਨ ਨਾਲ ਜੋੜ੍ਹਣਾ ਚਾਹੁੰਦਾ ਹੈ'।

ਬਦਰ ਦੀ ਜੰਗ ਦੇ ਬਾਦ ਅਤੇ ਓਹਦ ਦੀ ਜੰਗ ਤੋਂ ਪਹਿਲਾਂ ਦੋ ਰਲਦੀਆਂ ਮਿਲਦੀਆਂ ਘਟਨਾਵਾਂ ਦਾ ਵੀ ਜ਼ਿਕਰ ਮਿਲਦਾ ਹੈ। ਜਿੰਨ੍ਹਾਂ ਦੀ ਜੇਕਰ ਸਰਸਰੀ ਪੜ੍ਹਚੋਲ ਕੀਤੀ ਜਾਵੇ ਤਾਂ ਸਾਫ਼ ਪ੍ਰਕਟ ਹੁੰਦਾ ਹੈ ਕਿ ਮੰਨਘੜ੍ਹਤ ਕਹਾਣੀ ਹੈ। ਪਹਿਲਾ ਕਿੱਸਾ ਇਕੱ ਯਹੂਦੀ ਔਰਤ ਅਸਮਾ ਬਿਨਤੇ ਮਰਵਾਨ ਦੇ ਕਤਲ ਦਾ ਹੈ। ਅਰਥਾਤ ਉਸ ਬਾਰੇ ਕਿਹਾ ਜਾਂਦਾ ਹੈ ਕਿ ਉਸ ਦਾ ਕਤਲ ਕੀਤਾ ਗਿਆ ਸੀ। ਇਸ ਦੇ ਵਿਸਥਾਰ ਵਿਚੱ ਲਿਖਿੱਆ ਹੈ ਕਿ ਹਜ਼ਰਤ ਉਮੈਰ ਰਜ਼ੀ ਅੱਲਾਹ ਅੰਨਹੋ ਬਿਨ ਅਦੀ ਇਕੱ ਅੰਨ੍ਹੇ ਸਹਾਬੀ ਸਨ। ਰਮਜ਼ਾਨ 02 ਹਿਜਰੀ ਦੇ ਅੰਤਿਮ ਦਿਨ ਸਨ ਕਿ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਨੇ ਉਮੈਰ ਰਜ਼ੀ ਅੱਲਾਹ ਅੰਨਹੋ ਬਿਨ ਅਦੀ ਨੂੰ ਅਸਮਾ ਬਿਨਤੇ ਮਰਵਾਨ ਵਲ੍ਹੱ ਭੇਜਿਆ। ਜੋ ਯਹੂਦੀ ਔਰਤ ਸੀ ਅਤੇ ਇਹ ਬਿਆਨ ਕੀਤਾ ਜਾਂਦਾ ਹੈ ਕਿ ਇਸ ਲਈ ਭੇਜਿਆ ਕਿ ਇਸਲਾਮ ਨੂੰ ਗਾਲ੍ਹਾਂ ਕਢੱਦੀ ਸੀ ਅਤੇ ਆਪ ਸਲੱਲਾਹੋ ਅਲੈਹਿ ਵਸਲੱਮ ਦੇ ਖ਼ਿਲਾਫ਼ ਲੋਕਾਂ ਨੂੰ ਉਭਾਰਦੀ ਸੀ ਅਤੇ ਸ਼ੈਅਰ ਕਹਿੰਦੀ ਸੀ। ਹਜ਼ਰਤ ਉਮੈਰ ਬਿਨ ਅਦੀ ਰਜ਼ੀ ਅੱਲਾਹ ਅੰਨਹੋ ਰਾਤ ਦੇ ਹਨ੍ਹੇਰੇ ਵਿਚੱ ਉਸ ਦੇ ਘਰ ਵਿਚੱ ਦਾਖ਼ਲ ਹੋਏ। ਉਹ ਆਪਣੇ ਬਚਿੱਆਂ ਨਾਲ ਸੌਂ ਰਹੀ ਸੀ ਅਤੇ ਉਹ ਆਪਣੇ ਇਕੱ ਬੱਚੇ ਨੂੰ ਦੁਧੱ ਚੁੰਘਾ ਰਹੀ ਸੀ। ਉਮੈਰ ਰਜ਼ੀ ਅੱਲਾਹ ਅੰਨਹੋ ਨੇ ਉਸ ਦੇ ਸੀਨੇ ਉੱਤੇ ਤਲਵਾਰ ਰੱਖੀ ਅਤੇ ਉਸ ਨੂੰ ਕਤਲ ਕਰ ਦਿੱਤਾ। ਫ਼ਿਰ ਉਮੈਰ ਨੇ ਵਾਪਸ ਆ ਕੇ ਫ਼ਜਰ ਦੀ ਨਮਾਜ਼ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਦੇ ਪਿੱਛੇ ਪੜ੍ਹੀ ਅਤੇ ਆਪ ਸਲੱਲਾਹੋ ਅਲੈਹਿ ਵਸਲੱਮ ਦੇ ਪੁਛੱਣ ਉੱਤੇ ਦਸਿੱਆ ਕਿ ਉਹਨਾਂ ਨੇ ਅਸਮਾ ਬਿਨਤੇ ਮਰਵਾਨ ਨੂੰ ਕਤਲ ਕਰ ਦਿੱਤਾ ਹੈ।

ਇਕੱ ਰਵਾਯਤ ਅਨੁਸਾਰ ਜਦੱ ਉਮੈਰ ਬਿਨ ਅਦੀ ਨੇ ਅਸਮਾ ਬਿਨਤੇ ਮਰਵਾਨ ਨੂੰ ਕਤਲ ਕਰ ਦਿੱਤਾ ਤਾਂ ਉਸ ਉੱਤੇ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਨੇ ਸਹਾਬਾ ਨੂੰ ਫ਼ਰਮਾਇਆ ਕਿ ਜੇਕਰ ਤੁਸੀਂ ਅਜਿਹੇ ਵਿਅਕਤੀ ਵਲ੍ਹੱ ਵੇਖਣਾ ਚਾਹੋ। ਜਿਸ ਨੇ ਰਬੱ ਅਤੇ ਉਸ ਦੇ ਰਸੂਲ ਦੀ ਮਦਦ ਕੀਤੀ ਹੈ ਤਾਂ ਉਮੈਰ ਬਿਨ ਅਦੀ ਵਲ੍ਹੱ ਵੇਖ ਲਓ। 'ਇਸਤਿਆਬ' ਵਿਚੱ ਉਮੈਰ ਬਿਨ ਅਦੀ ਦੇ ਹਾਲਾਤਾਂ ਹੇਠ ਲਿਖਿੱਆ ਹੈ ਕਿ ਉਹਨਾਂ ਨੇ ਆਪਣੀ ਭੈਣ ਨੂੰ ਵੀ ਕਤਲ ਕੀਤਾ ਸੀ। ਕਿਉਂਕਿ ਉਹ ਆਂਹਜ਼ੂਰ ਸਲੱਲਾਹੋ ਅਲੈਹਿ ਵਸਲੱਮ ਨੂੰ ਗਾਲ੍ਹਾਂ ਕਢੱਦੀ ਸੀ।

ਹਜ਼ੂਰੇ ਅਨਵਰ ਨੇ ਫ਼ਰਮਾਇਆ ਕਿ ਇਤਿਹਾਸ ਅਤੇ ਜੀਵਨੀ ਦੀਆਂ ਕੁਝੱ ਕਿਤਾਬਾਂ ਵਿਚੱ ਇਹ ਕਿੱਸਾ ਮਿਲਦਾ ਹੈ। ਪਰ 'ਸਹਾ ਸਿੱਤਾ' ਅਤੇ ਹਦੀਸ ਦੀ ਕਿਸੇ ਵੀ ਭਰੋਸੇਯੋਗ ਕਿਤਾਬ ਵਿਚੱ ਉਸ ਦਾ ਜ਼ਿਕਰ ਨਹੀਂ ਹੈ। ਸਚੱ ਇਹ ਹੈ ਕਿ ਬਾਦ ਦੇ ਜ਼ਮਾਨੇ ਦੇ ਕੁਝੱ ਲੋਕਾਂ ਨੇ ਅਜਿਹੇ ਬਣਾਉਟੀ ਅਤੇ ਮੰਨਘੜ੍ਹਤ ਕਿਸੱਿਆਂ ਨੂੰ ਨ ਕੇਵਲ ਆਪਣੀ ਕਿਤਾਬਾਂ ਵਿਚੱ ਥਾਂ ਦਿੱਤੀ ਹੈ। ਸਗੋਂ ਰਿਸਾਲਤ ਦੀ ਬੇਇਜ਼ੱਤੀ ਦੀ ਸਜ਼ਾ ਵਿਚੱ ਪੈਸ਼ ਕੀਤਾ ਹੈ।

ਅਜੱ ਕਲ੍ਹੱ ਦੇ ਮੌਲਵੀ ਅਜਿਹੇ ਕਿਸੱਿਆਂ ਨੂੰ ਲੈ ਕੇ ਦਲੀਲ ਦਿੰਦੇ ਹਨ ਕਿ ਜੋ ਰਿਸਾਲਤ ਦੀ ਬੇਇਜ਼ੱਤੀ ਕਰੇ, ਉਸ ਨੂੰ ਕਤਲ ਕਰ ਦਿੱਤਾ ਜਾਵੇ। ਜਦੱਕਿ ਰਿਸਾਲਤ ਦੀ ਬੇਇਜ਼ੱਤੀ ਦੀ ਕਿਸੇ ਕਿਸਮ ਦੀ ਕੋਈ ਸਜ਼ਾ ਇਸਲਾਮ ਵਿਚੱ ਮੌਜੂਦ ਨਹੀਂ ਹੈ ਅਤੇ ਨ ਹੀ ਇਸ ਕਿਸਮ ਦੇ ਕਿਸੱਿਆਂ ਦੀ ਕੋਈ ਹਕੀਕਤ ਹੈ। ਜਿਵੇਂ ਜੇਕਰ ਇਸ ਹਦੀਸ ਦੀ ਪੜ੍ਹਚੋਲ ਕੀਤੀ ਜਾਵੇ ਤਾਂ ਪਤਾ ਲਗੱਦਾ ਹੈ ਕਿ ਸਨਦ ਦੇ ਹਿਸਾਬ ਨਾਲ ਇਹ ਰਵਾਯਤ ਕਮਜ਼ੋਰ ਹੈ। ਸਗੋਂ ਇਸ ਨੂੰ ਮੌਜ਼ੂ ਵੀ ਕਿਹਾ ਗਿਆ ਹੈ। ਇਸ ਦਾ ਇਕੱ ਰਵਾਯਤ ਕਰਨ ਵਾਲਾ ਮੁਹਮੱਦ ਬਿਨ ਅਮਰ ਵਾਕਦੀ ਹੈ, ਜੋ ਝੂੱਠਾ ਹੈ। ਇਸ ਹਦੀਸ ਉੱਤੇ ਬਹੁਤ ਸਾਰੇ ਪ੍ਰਸ਼ਨ ਉਠੱਦੇ ਹਨ। ਜਿਵੇਂ ਸਹਾਬੀ ਅੰਨ੍ਹੇ ਹੋਣ ਦੇ ਬਾਦ ਵੀ ਉਸ ਔਰਤ ਦੇ ਘਰ ਇਕੱਲੇ ਕਿਵੇਂ ਪਹੁੰਚੇ ? ਜੇਕਰ ਟਟੋਲ ਟਟੋਲ ਕੇ ਪਹੁੰਚੇ ਤਾਂ ਵੀ ਕਿਸੇ ਨੂੰ ਜਾਗ ਨ ਆਈ। ਟਟੋਲ ਟਟੋਲ ਕੇ ਇਹ ਵੀ ਪਤਾ ਲਗੱ ਗਿਆ ਕਿ ਉਹ ਔਰਤ ਬੱਚੇ ਨੂੰ ਦੁਧੱ ਚੁੰਘਾ ਰਹੀ ਸੀ। ਫ਼ਿਰ ਇਹ ਕਿ ਕਤਲ ਹੋਣ ਵਾਲੀ ਨੇ ਮੌਤ ਨੂੰ ਸਾਮ੍ਹਣੇ ਵੇਖ ਕੇ ਵੀ ਅੰਨ੍ਹੇ ਤੋਂ ਬਚੱਣ ਦੀ ਕੋਈ ਕੋਸ਼ਿਸ਼ ਨਹੀਂ ਕੀਤੀ। ਔਰਤ ਦੀ ਅੰਖਾਂ ਸਨ। ਤਦੱ ਵੀ ਉਸ ਨੇ ਨ ਰੌਲਾ ਪਾਇਆ ਨ ਬਚੱਣ ਦੀ ਕੋਸ਼ਿਸ਼ ਕੀਤੀ। ਉਸ ਦਾ ਪਤੀ ਉੱਥੇ ਸੌਂ ਰਿਹਾ ਸੀ। ਉਸ ਨੂੰ ਵੀ ਕੋਈ ਖ਼ਬਰ ਨ ਹੋਈ ਅਤੇ ਸਭ ਤੋਂ ਵਧੱ ਕੇ ਇਹ ਕਿ ਆਮ ਤੌਰ ਉੱਤੇ ਅੰਨ੍ਹੇ ਆਵਾਜ਼ਾਂ ਨਾਲ ਪਛਾਣਦੇ ਹਨ। ਅੰਨ੍ਹੇ ਸਹਾਬੀ ਨੂੰ ਬਿਨਾਂ ਕਿਸੇ ਆਵਾਜ਼ ਦੇ ਕਿਵੇਂ ਪਤਾ ਲਗਿੱਆ ਕਿ ਉਹ ਔਰਤ ਅਸਮਾ ਬਿਨਤੇ ਮਰਵਾਨ ਹੀ ਸੀ। ਦੂਜੀ ਰਵਾਯਤ ਵਿਚੱ ਇਹ ਵੀ ਹੈ ਕਿ ਉਹ ਔਰਤ ਜਦੱ ਖਜੂਰ ਲੈਣ ਅੰਦਰ ਗਈ ਅਤੇ ਖਜੂਰਾਂ ਚੁਕੱਣ ਲਈ ਝੁੱਕੀ। ਉਹ (ਅੰਨ੍ਹਾ) ਕਹਿੰਦੇ ਹਨ,'ਮੈਂ ਸੱਜੇ ਖੱਬੇ ਵੇਖਿਆ। ਮੈਂ ਉਸ ਦੇ ਸਿਰ ਉੱਤੇ ਹਮਲਾ ਕੀਤਾ ਅਤੇ ਉਸ ਨੂੰ ਕਤਲ ਕਰ ਦਿੱਤਾ।

ਹਜ਼ੂਰ ਨੇ ਬਿਆਨ ਫ਼ਰਮਾਇਆ ਕਿ ਇਸ ਤੋਂ ਬਿਨਾਂ ਬਹੁਤ ਸਾਰੀਆਂ ਰਵਾਯਤਾਂ ਵਿਚੱ ਔਰਤ ਦੇ ਨਾਂ, ਕਾਤਲ ਦੇ ਨਾਂ, ਕਤਲ ਦਾ ਸਮਾਂ ਅਤੇ ਫ਼ਿਰ ਉਹਨਾਂ ਦੇ ਹਮਲਾ ਕਰਨ ਦੇ ਤਰੀਕ ਵਿਚੱ ਵੀ ਅੰਤਰ ਹੈ। ਜੋ ਇਸ ਕਿੱਸੇ ਦਾ ਝੂੱਠਾ ਅਤੇ ਮੰਨਘੜ੍ਹਤ ਹੋਣਾ ਸਾਬਤ ਕਰਦਾ ਹੈ।

ਹਜ਼ੂਰੇ ਅਨਵਰ ਨੇ ਫ਼ਰਮਾਇਆ ਕਿ ਕਟੱੜਪੰਥੀ ਮੁੱਲਾ ਨੇ ਇਸ ਕਿਸਮ ਦੇ ਮੰਨਘੜਤ ਕਿਸੱਿਆਂ ਨੂੰ ਮਹਤੱਤਾ ਦੇ ਕੇ ਇਸਲਾਮ ਦੀ ਸੋਹਣੀ ਸਿਖਿੱਆ ਨੂੰ ਬਦਨਾਮ ਕੀਤਾ ਹੈ ਅਤੇ ਇਹ ਮੁੱਲਾ ਅਜੱ ਕਲ੍ਹੱ ਇਸੇ ਤਰ੍ਹਾਂ ਦੀਆਂ ਮੰਨਘੜ੍ਹਤ ਕਹਾਣੀਆਂ ਬਣਾ ਕੇ ਅਹਮਦੀਆਂ ਦੇ ਖ਼ਿਲਾਫ਼ ਵੀ ਦੁਸ਼ਮਨੀ ਦਾ ਪ੍ਰਕਟਾਵਾ ਕਰਦੇ ਰਹਿੰਦੇ ਹਨ ਅਤੇ ਲੋਕਾਂ ਨੂੰ ਭੜਕਾਉਂਦੇ ਰਹਿੰਦੇ ਹਨ।

ਹਜ਼ੂਰੇ ਅਨਵਰ ਨੇ ਫ਼ਰਮਾਇਆ ਕਿ ਦੂਜਾ ਕਿੱਸਾ ਵੀ ਇਹੋ ਜਿਹਾ ਹੀ ਹੈ। ਉਹ ਇੰਸ਼ਾ-ਅੱਲਾਹ ਅਗਲੀ ਵਾਰ ਬਿਆਨ ਕਰਾਂਗਾ।

اَلْحَمْدُ لِلّٰہِ! اَلْحَمْدُ لِلّٰہِ نَحْمَدُہٗ وَنَسْتَعِیْنُہٗ وَنَسْتَغْفِرُہٗ وَنُؤْمِنُ بِہٖ وَنَتَوَکَّلُ عَلَیْہِ وَنَعُوْذُ بِاللّٰہِ مِنْ شُرُوْرِ اَنْفُسِنَا وَمِنْ سَیِّئَاتِ اَعْمَالِنَا مَنْ یَّھْدِہِ اللّٰہُ فَلَا مُضِلَّ لَہٗ وَمَنْ یُّضْلِلْہُ فَلَا ھَادِیَ لَہٗ وَنَشْھَدُ اَنْ لَّآ اِلٰہَ اِلَّا اللّٰہُ وَنَشْھَدُ اَنَّ مُحَمَّدًا عَبْدُہٗ وَرَسُوْلُہٗ عِبَادَ اللّٰہِ رَحِمَکُمُ اللّٰہُ اِنَّ اللّٰہَ یَاْمُرُ بِالْعَدْلِ وَالْاِحْسَانِ وَاِیْتَآءِ ذِی الْقُرْبٰی وَیَنْھٰی عَنِ الْفَحْشَآءِ وَالْمُنْکَرِ وَالْبَغْیِ یَعِظُکُمْ لَعَلَّکُمْ تَذَکَّرُوْنَ اُذْکُرُوا اللّٰہَ یَذْکُرْکُمْ وَادْعُوْہُ یَسْتَجِبْ لَکُمْ وَلَذِکْرُ اللّٰہِ اَکْبَرُ۔